ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(Established by Act No.19 of 2019 of Legislature of the State of Punjab)

ਕੰਟਰੋਲਰ ਪ੍ਰੀਖਿਆਵਾਂ

Ref.No/PSOU/COE/ 1714 **Dated : 29-05-2026**

ਨੋਟਿਸ

Re-evaluation/Rechecking ਦੇ ਫਾਰਮ ਅਤੇ ਫੀਸ ਭਰਨ ਸਬੰਧੀ।

ਡਿਗਰੀ/ਡਿਪਲੋਮਾ/ਸਰਟੀਫਿਕੇਟ ਪ੍ਰੋਗਰਾਮਾਂ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਥਿਓਰੀ ਪ੍ਰੀਖਿਆਵਾਂ (ਜਨਵਰੀ/ਫਰਵਰੀ-2026)ਦੀ Re-evaluation/Rechecking ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਜਾਰੀ ਕੀਤੇ ਜਾਂਦੇ ਹਨ :

i) ਵਿਦਿਆਰਥੀਆਂ ਵੱਲੋਂ Re-evaluation/Rechecking ਭਰਨ ਸਬੰਧੀ ਆਨਲਾਈਨ ਫਾਰਮ ਯੂਨੀਵਰਸਿਟੀ ਦੇ ਵੈਬਲਿੰਕ **https://student.psou.ac.in/Login** ਤੇ ਹੇਠ ਲਿਖਿਆਂ ਮਿਤੀਆਂ ਤੋਂ ਉਪਲਬੱਧ ਹੋਵੇਗਾ। ਵਿਦਿਆਰਥੀ ਆਪਣੀ **Registered E-mail/Roll No. ਅਤੇ Password** ਰਾਹੀਂ ਉਪਰੋਕਤ ਵੈਬਲਿੰਕ ਤੇ Login ਕਰ ਕੇ ਉਪਰੋਕਤ ਫਾਰਮ ਭਰ ਸਕਦੇ ਹਨ।

ii) ਯੂਨੀਵਰਸਿਟੀ ਵੱਲੋਂ ਡਿਗਰੀ ਪ੍ਰੋਗਰਾਮਾਂ ਲਈ **Re-evaluation ਸਬੰਧੀ ਫੀਸ 500/- ਰੁਪਏ (ਪ੍ਰਤੀ ਕੋਰਸ) ਅਤੇ Rechecking ਸਬੰਧੀ ਫੀਸ 300/- ਰੁਪਏ (ਪ੍ਰਤੀ ਕੋਰਸ)** ਨਿਰਧਾਰਿਤ ਕੀਤੀ ਗਈ ਹੈ, ਜੋ ਕਿ ਉਪਰੋਕਤ ਆਨਲਾਈਨ ਫਾਰਮ ਰਾਹੀਂ ਵਿਦਿਆਰਥੀਆਂ ਵੱਲੋਂ ਭਰੀ ਜਾਵੇ।

iii) ਸਰਟੀਫਿਕੇਟ ਅਤੇ ਡਿਪਲੋਮਾਂ ਪ੍ਰੋਗਰਾਮਾਂ ਲਈ **ਕੇਵਲ Rechecking** ਭਰਨ ਦੀ ਸੁਵਿਧਾ ਹੀ ਲਾਗੂ ਹੋਵੇਗੀ।

iv) ਆਨਲਾਈਨ ਫਾਰਮ ਮਿਤੀ **29.05.2026 ਤੋਂ 08.06.2026** ਤੱਕ ਉਪਰੋਕਤ ਵੈਬਲਿੰਕ ਤੇ ਭਰਿਆ ਜਾ ਸਕਦਾ ਹੈ।

v) ਨਿਯਤ ਮਿਤੀ ਤੋਂ ਬਾਅਦ ਵਿਦਿਆਰਥੀਆਂ ਵੱਲੋਂ Re-Evaluation/Rechecking ਦਾ ਆਨਲਾਈਨ ਫਾਰਮ 1000/- ਰੁਪਏ (ਪ੍ਰਤੀ ਕੋਰਸ) ਫੀਸ ਨਾਲ ਮਿਤੀ **09.06.2026 ਤੋਂ 12.06.2026** ਤੱਕ ਭਰਿਆ ਜਾ ਸਕਦਾ ਹੈ।

vi) ਸਮੂਹ Coordinators (University/LSC) ਵੱਲੋਂ ਉਪਰੋਕਤ ਵਿਸ਼ੇ ਸਬੰਧੀ ਕੋਆਰਡੀਨੇਟ ਕੀਤਾ ਜਾਵੇ ਅਤੇ ਇਸ ਸਬੰਧੀ ਵਿਦਿਆਰਥੀਆਂ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

ਜਿਨ੍ਹਾਂ ਵਿਦਿਆਰਥੀਆਂ ਵਲੋਂ Revaluation/Rechecking ਦਾ ਆਨਲਾਈਨ ਫਾਰਮ ਉਪਰੋਕਤ ਨਿਯਤ ਮਿਤੀ ਤੱਕ ਨਹੀਂ ਭਰਿਆ ਜਾਵੇਗਾ, ਉਨ੍ਹਾਂ ਦਾ ਕੇਸ ਨਹੀਂ ਵਿਚਾਰਿਆ ਜਾਵੇਗਾ। ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ Re-evaluation/Rechecking ਸਬੰਧੀ ਭਰੀ ਗਈ ਫੀਸ ਕਿਸੇ ਵੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ ਵਾਪਸ ਨਹੀਂ ਕੀਤੀ ਜਾਵੇਗੀ।

29/5/26

ਕੰਟਰੋਲਰ ਪ੍ਰੀਖਿਆਵਾਂ

AK
Controller of Examinations
Jagat Guru Nanak Dev
Punjab State Open University
Patiala

ਉਤਾਰਾ:

1. ਰਜਿਸਟਰਾਰ
2. ਡੀਨ ਅਕਾਦਮਿਕ ਮਾਮਲੇ
3. ਪੀ.ਏ. ਟੂ ਵੀ.ਸੀ. (ਮਾਨਯੋਗ ਵਾਈਸ ਚਾਂਸਲਰ ਸਾਹਿਬ ਜੀ ਦੀ ਜਾਣਕਾਰੀ ਹਿੱਤ)
4. ਸਮੂਹ ਯੂਨੀਵਰਸਿਟੀ ਕੋਆਰਡੀਨੇਟਰ/ਪ੍ਰਿੰਸੀਪਲ ਸਾਹਿਬਾਨ (LSC)
5. ਡਾਇਰੈਕਟਰ (CITS) – ਪੋਰਟਲ ਤੇ ਕਾਰਵਾਈ ਕਰਨ ਸਬੰਧੀ
6. ਡਾਇਰੈਕਟਰ (LSC)
7. ਸ੍ਰੀ ਵਿਸ਼ਾਲ ਕੁਮਾਰ (DEO) – ਸਬੰਧਤ ਨੂੰ ਈ.ਮੇਲ ਅਤੇ Website ਤੇ ਅਪਲੋਡ ਕਰਨ ਸਬੰਧੀ।